# ਹਿੰਦੁਸਤਾਨ ਦੇ ਸੰਵਿਧਾਨ ਦੀ 57ਵੀਂ ਵਰ੍ਹੇ-ਗੰਢ

ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਉਨ੍ਹਾਂ ਦੀ ਸਰਕਾਰ ਅਤੇ ਸਿਆਸੀ ਪਾਰਟੀਆਂ ਨੇ ਹਿੰਦੁਸਤਾਨ ਦੇ ਸੰਵਿਧਾਨ ਦੀ 57ਵੀਂ ਵਰ੍ਹੇ-ਗੰਢ 26 ਜਨਵਰੀ 2006 ਨੂੰ ਬੜੀ ਧੂਮ ਧਾਮ ਨਾਲ ਮਨਾਈ। ਇਸ ਤੋਂ ਅਜੇ ਇਕ ਦਿਨ ਪਹਿਲਾਂ ਹੀ ਮੱਧ ਪ੍ਰਦੇਸ਼ ਦੇ 1700 ਕਿਸਾਨਾਂ ਦੇ ਵਫ਼ਦ ਨੇ ਸਦਰ ਅਬਦੁਲ ਕਲਾਮ ਤੋਂ ਖ਼ੁਦਕਸ਼ੀ ਕਰਨ ਦੀ ਇਜਾਜ਼ਤ ਮੰਗੀ ਸੀ ਕਿਉਂਕਿ ਉਨ੍ਹਾਂ ਦਾ ਪਿੰਡ ਕਰਜ਼ੇ ਹੇਠ ਦੱਬਿਆ ਹੋਇਆ ਹੈ ਅਤੇ ਉਹ ਆਪਣੇ ਸਿਰ ਚੜ੍ਹਿਆ ਸੱਤ ਕਰੋੜ ਦਾ ਕਰਜ਼ਾ ਵਾਪਸ ਦੇਣ ਦੇ ਸਮਰੱਥ ਨਹੀਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਉਨ੍ਹਾਂ ਨੂੰ ਸਿੰਚਾਈ ਦੀਆਂ ਗਲਤ ਸਕੀਮਾਂ `ਚ ਫਸਾ ਕੇ ਉਨ੍ਹਾਂ ਦੇ ਸਿਰ ਕਰਜ਼ੇ ਚੜ੍ਹਾਏ ਸੀ ਅਤੇ ਹੁਣ ਬੈਂਕ ਉਨ੍ਹਾਂ ਦੀ ਪੱਤ ਲਾਹ ਰਹੇ ਹਨ। ਪਰ ਸਦਰ ਅਬਦੁਲ ਕਲਾਮ ਅਤੇ ਹੋਰਨਾਂ ਲੀਡਰਾਂ ਨੇ ਲਾਲ ਕਿਲ੍ਹੇ ਤੋਂ ਇਸ ਸੰਵਿਧਾਨ ਅਤੇ ਇਸ ਗਣਤੰਤਰ ਦੀਆਂ, ਜਿਹਦੇ ਤਹਿਤ ਆਮ ਲੋਕਾਂ ਦੀ ਹਾਲਤ ਪਿਛਲੇ 57 ਸਾਲਾਂ ਵਿਚ ਮੰਦੀ ਤੋਂ ਮੰਦੀ ਹੁੰਦੀ ਚਲੀ ਗਈ ਹੈ, ਸਿਫ਼ਤਾਂ ਦੇ ਪੁਲ ਬੰਨਦਿਆਂ ਬੜੀ ਬੇਸ਼ਰਮੀ ਨਾਲ ਵੱਡੇ ਵੱਡੇ ਦਮਗਜੇ ਮਾਰੇ। ਉਹ ਭੁਲ ਗਏ ਕਿ ਇਸ ਸੰਵਿਧਾਨ ਵਿਚ ਆਮ ਸ਼ਹਿਰੀ ਕੋਲ ਕੋਈ ਤਾਕਤ ਨਹੀਂ ਹੈ ਕਿ ਉਹ ਆਪਣੇ ਮਸਲੇ ਹੱਲ ਕਰ ਸਕੇ। ਸੱਚ ਤਾਂ ਇਹ ਹੈ ਕਿ ਇਸ ਸੰਵਿਧਾਨ ਦੀ ਆੜ ਵਿਚ ਹਾਕਮ ਜਮਾਤਾਂ ਨੇ ਆਮ ਸ਼ਹਿਰੀਆਂ ਅਤੇ ਪ੍ਰਜਾ ਤੋਂ ਸਾਰੀ ਤਾਕਤ ਖੋਹ ਲਈ ਹੈ। ਗੱਲਾਂਬਾਤਾਂ ਨੂੰ ਇਹ ਸੰਵਿਧਾਨ ਕਹਿੰਦਾ ਹੈ ਕਿ ਸਰਬ-ਉਚ ਸ਼ਕਤੀ ਲੋਕਾਂ ਦੀ ਹੈ ਪਰ ਅਮਲ ਵਿਚ ਅਤੇ ਕਾਨੂੰਨੀ ਤੌਰ ਤੇ ਪ੍ਰਜਾ ਦਾ ਸਿਆਸੀ ਤਾਕਤ ਤੇ ਕੋਈ ਕੰਟਰੋਲ ਨਹੀਂ ਹੈ। ਮੱਧ ਪ੍ਰਦੇਸ਼ ਦੇ ਕਿਸਾਨਾਂ ਦਾ ਇਹ ਭੈੜਾ ਹਾਲ ਵੀ ਹਿੰਦੁਸਤਾਨ ਦੇ ਹੋਰ ਕਿਸਾਨਾਂ, ਕਿਰਤੀਆਂ, ਆਮ ਮਿਹਨਤਕਸ਼ ਅਤੇ ਸ਼ਹਿਰੀਆਂ ਦਾ ਹਾਲ ਹੀ ਹੈ ਜਿਨ੍ਹਾਂ ਦੀ ਇਸ ਸੰਵਿਧਾਨ ਵਿਚ ਕੋਈ ਵੁੱਕਤ ਨਹੀਂ ਹੈ ਅਤੇ ਜਿਨ੍ਹਾਂ ਨੂੰ ਰਾਜ ਤੰਤ੍ਰ, ਸਰਕਾਰ ਅਤੇ ਹਾਕਮ ਜਮਾਤਾਂ ਦੀਆਂ ਸਿਆਸੀ ਪਾਰਟੀਆਂ ਚੰਗੇ ਦਿਨਾਂ ਦੇ ਲਾਰੇ ਲਾਉਂਦੀਆਂ ਰਹਿੰਦੀਆਂ ਹਨ।

ਸੰਵਿਧਾਨ ਬਣਾਉਣ ਵਾਲੇ ਆਗੂ ਅੰਗਰੇਜ਼ਾਂ ਦੇ ਝੋਲੀ ਚੁਕ ਅਤੇ ਜੁੰਡੀਦਾਰ ਸਰਮਾਏਦਾਰ, ਰਜਵਾੜਾਸ਼ਾਹੀ ਅਤੇ ਸੂਦਖ਼ੋਰਾਂ ਦੇ ਨੁਮਾਇੰਦੇ ਸੀ। ਉਹ ਬਸਤੀਵਾਦੀ ਰਾਜ ਤੰਤ੍ਰ ਨੂੰ ਬਰਕਰਾਰ ਰਖਣਾ ਚਾਹੁੰਦੇ ਸੀ। ਇਸ ਕਰਕੇ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਸ ਸੰਵਿਧਾਨ ਵਿਚ ਬਸਤੀਵਾਦੀ ਲੁਟ ਦੇ ਸਾਰੇ ਅਦਾਰੇ ਪਹਿਲਾਂ ਵਾਂਗ ਹੀ ਕਾਇਮ ਰੱਖੇ ਗਏ। ਬਸਤੀਵਾਦੀਆਂ ਦੇ ਅਦਾਰੇ ਅਤੇ ਕਾਨੂੰਨ ਜੋ ਉਨ੍ਹਾਂ ਨੇ ਹਿੰਦੁਸਤਾਨ ਦੀ ਲੁੱਟ ਖਸੁੱਟ ਲਈ ਬਣਾਏ ਸੀ ਬਿਲਕੁਲ ਪਹਿਲਾਂ ਵਾਂਗ ਹੀ ਇਸ ਕਰਕੇ ਕਾਇਮ ਦਾਇਮ ਹਨ ਕਿਉਂਕਿ ਬਸਤੀਵਾਦੀਆਂ ਦੇ ਜੁੰਡੀਦਾਰਾਂ ਦਾ ਮਕਸਦ ਵੀ ਹਿੰਦੁਸਤਾਨ ਦੇ ਲੋਕਾਂ ਅਤੇ ਕੁਦਰਤੀ ਸਾਧਨਾਂ ਦੀ ਲੁੱਟ ਕਰਨਾ ਹੀ ਸੀ। ਇਸ ਕਰਕੇ ਇਨ੍ਹਾਂ ਨੇ ਸੰਵਿਧਾਨ ਬਣਾਉਣ ਲਈ ਹਿੰਦੁਸਤਾਨ ਦੇ ਲੋਕਾਂ ਦੀ ਸਦੀਆਂ ਦਰ ਸਦੀਆਂ ਚ` ਵਿਕਸਿਤ ਹੋਈ ਸਿਆਸੀ ਸੋਧ ਅਤੇ ਦਰਸ਼ਨ ਤੋਂ ਕੋਈ ਅਗਵਾਈ ਨਹੀਂ ਲਈ ਕਿਉਂਕਿ ਹਿੰਦੁਸਤਾਨੀ ਦਰਸ਼ਨ ਅਤੇ ਸਿਆਸੀ ਸੋਧ ਪ੍ਰਜਾ ਅਤੇ ਪ੍ਰਜਾ ਰਾਜ ਦੀ ਗੱਲ ਕਰਦੇ ਹਨ ਅਤੇ ਇਸ ਸੋਧ ਤੇ ਸੋਚ ਮੁਤਾਬਿਕ ਰਾਜ ਤੰਤ੍ਰ ਦਾ ਮੁੱਖ ਫ਼ਰਜ਼ ਅਮਲੀ ਤੌਰ ਤੇ ਪ੍ਰਜਾ ਦੀ ਖ਼ੁਸ਼ਹਾਲੀ ਅਤੇ ਰਖਵਾਲੀ ਹੈ ਅਤੇ ਜੇ ਰਾਜ ਪ੍ਰਜਾ ਦੇ ਸੁਖ ਅਤੇ ਰਖਿਆ ਨੂੰ ਅਮਲ ਵਿਚ ਨਹੀਂ ਲਿਆਉਂਦਾ ਤਾਂ ਪ੍ਰਜਾ ਦਾ ਇਹ ਫ਼ਰਜ਼ ਹੈ ਕਿ ਉਹ ਇਹੋ ਜਿਹੇ ਰਾਜ ਤੰਤ੍ਰ ਦਾ ਤਖਤਾ ਪਲਟ ਦੇਵੇ। ਪਰ ਇਸ ਸਾਰੀ ਸੋਧ ਦੇ ਉਲਟ ਸੰਵਿਧਾਨ ਬਣਾਉਣ ਵਾਲਿਆਂ ਦਾ ਮੰਤਵ ਇਸ ਸੰਵਿਧਾਨ ਨੂੰ ਹਿੰਦੁਸਤਾਨ ਦੀ ਪ੍ਰਜਾ ਦੀ ਅਤੇ ਕੁਦਰਤੀ ਸਾਧਨਾ ਦੀ ਲੁੱਟ ਦਾ ਵਸੀਲਾ ਬਣਾਉਣਾ ਸੀ ਅਤੇ ਬਸਤੀਵਾਦੀ ਨਜ਼ਰੀਏ ਮੁਤਾਬਿਕ ਲੋਕਾਂ ਦੀ ਤਾਕਤ ਨੂੰ ਹਥਿਆਉਣਾ ਸੀ। ਇਸ ਲਈ ਉਨ੍ਹਾਂ ਨੇ ਹਿੰਦੁਸਤਾਨ ਦੇ ਲੋਕਾਂ ਦੀ ਸਦੀਆਂ ਦਰ ਸਦੀਆਂ ਦੀ ਸੋਚ ਦੇ ਇਸ ਤਜਰਬੇ ਅਤੇ ਸੋਧ ਨੂੰ ਬਿਲਕੁਲ ਹੀ ਨਕਾਰ ਦਿੱਤਾ। ਇਸ ਦਰਸ਼ਨ ਅਤੇ ਸੋਧ ਤੋਂ ਅਗਵਾਈ ਲੈਣਾ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਸਾਮਰਾਜੀ ਜੁੰਡੀਦਾਰਾਂ ਦੇ ਹਿਤਾਂ ਦੇ ਖ਼ਿਲਾਫ਼ ਸੀ।

ਹਿੰਦੁਸਤਾਨ ਦਾ ਸੰਵਿਧਾਨ ਵੀ ਇਸ ਤਰਾਂ ਹੀ ਬਣਾਇਆ ਗਿਆ ਸੀ ਜਿਸ ਤਰਾਂ ਸਾਡੇ ਸਾਮ੍ਹਣੇ ਹੁਣ ਅਮਰੀਕਨ ਸਾਮਰਾਜੀਆਂ ਅਤੇ ਉਨ੍ਹਾਂ ਦੇ ਝੋਲੀਚੁਕਾਂ ਨੇ ਇਰਾਕ ਦਾ ਸੰਵਿਧਾਨ ਬਣਾਇਆ ਹੈ। ਸਾਮਰਾਜੀਆਂ ਨੇ ਰਾਜ ਤੰਤ੍ਰ ਅਤੇ ਸਾਰੇ ਕਾਨੂੰਨ ਇਰਾਕੀ ਲੋਕਾਂ ਦੇ ਹੱਕਾਂ ਦੇ ਖ਼ਿਲਾਫ਼ ਅਤੇ ਆਪਣੀ ਲੁੱਟ ਨੂੰ ਪੱਕਾ ਕਰਨ ਲਈ ਬਣਾਏ ਹਨ ਅਤੇ ਚੋਣਾਂ ਇਸ ਆਧਾਰ ਤੇ ਕਰਵਾਈਆਂ ਹਨ। ਇਸ ਸੰਵਿਧਾਨ ਰਾਹੀਂ ਉਹ ਸਾਮਰਾਜੀ ਤੰਤ੍ਰ ਨੂੰ ਇਰਾਕ ਦੇ ਕੁਦਰਤੀ ਸਾਧਨਾਂ ਅਤੇ ਲੋਕਾਂ ਦੀ ਮਿਹਨਤ ਦੀ ਲੁੱਟ ਲਈ ਪੱਕਾ ਕਰਨਾ ਚਾਹੁੰਦੇ ਹਨ। ਇਹਨੂੰ ਉਹ ਇਰਾਕ ਵਿਚ ਜਮਹੂਰੀਅਤ ਲਿਆਉਣਾ ਦੱਸਦੇ ਹਨ।

ਬਸਤੀਵਾਦੀਆਂ ਅਤੇ ਉਨ੍ਹਾਂ ਦੇ ਦੇਸੀ ਜੁੰਡੀਦਾਰਾਂ ਨੇ ਹਿੰਦੁਸਤਾਨ ਦਾ ਸੰਵਿਧਾਨ ਫਿਰਕੂ ਤਸ਼ੱਦਦ ਦੀ ਕਤਲੋਗਾਰਤ ਜਥੇਬੰਦ ਕਰਕੇ ਲੋਕਾਂ ਉੱਤੇ ਥੋਪਿਆ ਸੀ। ਆਮ ਸ਼ਹਿਰੀ ਅਤੇ ਪ੍ਰਜਾ ਦਾ ਇਸ ਨਾਲ ਕੋਈ ਸਰੋਕਾਰ ਨਹੀਂ। ਇਸ ਸੰਵਿਧਾਨ ਨੇ ਲੋਕਾਂ ਦੀਆਂ ਪ੍ਰਜਾ ਰਾਜ ਦੀਆਂ ਤਾਂਘਾਂ ਨੂੰ ਨਕਾਰਿਆ ਅਤੇ ਇਸੇ ਸੰਵਿਧਾਨ ਤਹਿਤ ਉਨ੍ਹਾਂ ਦੀਆਂ ਤਾਂਘ ਤੇ ਹਰ ਰੋਜ਼ ਸੱਟ ਮਾਰੀ ਜਾਂਦੀ ਹੈ ਅਤੇ ਲੋਕਾਂ ਉੱਤੇ ਹੀ ਤੁਹਮਤਾਂ ਲਾਈਆਂ ਜਾਂਦੀ ਹਨ ਅਤੇ ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਪਰ ਫੇਰ ਵੀ ਉਹ ਹਿੰਦੁਸਤਾਨ ਨੂੰ ਸਾਰਿਆਂ ਨਾਲੋਂ ਵੱਡੀ ਜਮਹੂਰੀਅਤ ਦੱਸਦੇ ਹਨ।

ਸਦਰ ਅਬਦੁਲ ਕਲਾਮ ਨੇ ਲਾਲ ਕਿਲੇ ਤੋਂ ਆਪਣੀ ਤਕਰੀਰ ਵਿਚ ਕਿਹਾ ਕਿ ਲੋਕਾਂ ਨੂੰ ਮਿਹਨਤ ਨਾਲ ਭਾਰਤ ਨਿਰਮਾਣ ਕਰਨ ਦੀ ਲੋੜ ਹੈ। ਆਪਣੀ ਤਕਰੀਰ ਦੇ ਆਖੀਰ ਵਿਚ ਉਸਨੇ ਕਿਹਾ," ਜੇ ਅਸੀਂ ਮਿਹਨਤ ਨਾਲ ਕੰਮ ਕਰੀਏ ਤਾਂ ਅਸੀਂ ਸਾਰੇ ਖ਼ੁਸ਼ਹਾਲ ਹੋ ਸਕਦੇ ਹਾਂ। ਮਹਾਨ ਵਿਚਾਰ ਸੋਚੋ ਅਤੇ ਕੰਮ ਲਈ ਉਠੋ ! ਸਹੀ ਤਰੀਕੇ ਸਾਨੂੰ ਰਾਹ ਵਿਖਾਉਣ!

ਅਬਦੁਲ ਕਲਾਮ ਨੂੰ ਸ਼ਾਇਦ ਪਤਾ ਹੀ ਨਹੀਂ ਕਿ ਲੋਕ ਤਾਂ ਬਥੇਰੀ ਮਿਹਨਤ ਕਰਦੇ ਹਨ ਪਰ ਉਨ੍ਹਾਂ ਦੇ ਖ਼ੂਨ ਪਸੀਨੇ ਦੀ ਕਮਾਈ ਲੋਟੂ ਲੁੱਟ ਲੈਂਦੇ ਹਨ ਜਿਨ੍ਹਾਂ ਦੇ ਰਾਜ ਤੰਤ੍ਰ ਦਾ ਸਦਰ ਉਹ ਆਪ ਹੈ। ਪਰ ਕਲਾਮ ਨੂੰ ਇਹ ਗੱਲਾਂ ਕਹਿੰਦੀਆਂ ਕੋਈ ਸੰਗ ਨਹੀਂ ਆਉਂਦੀ ਕਿਉਂਕਿ ਝੂਠ ਬੋਲਣਾ ਅਤੇ ਹਰ ਇਲਜ਼ਾਮ ਲੋਕਾਂ ਦੇ ਸਿਰ ਮੜ੍ਹ ਕੇ ਆਪ ਸਾਫ਼ ਬਰੀ ਹੋਣ ਦੀ ਕੋਸ਼ਿਸ਼ ਕਰਨਾ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਦੀ ਇਕ ਆਦਤ ਬਣ ਗਈ ਹੈ। ਇਹ ਇਕ ਪਾਸੇ ਲੋਕਾਂ ਦੀ ਲੁੱਟ ਕਰਦੇ ਹਨ ਤੇ ਦੂਸਰੇ ਪਾਸੇ ਲੋਕਾਂ ਨੂੰ ਹੀ ਗਰੀਬੀ ਲਈ ਜ਼ਿੰਮੇਦਾਰ ਠਹਿਰਉਂਦੇ ਹਨ ਕਿ ਲੋਕ ਮਿਹਨਤ ਨਹੀਂ ਕਰਦੇ।

ਹਿੰਦੁਸਤਾਨ ਦੇ ਲੋਕਾਂ ਦੀ ਸੂਝ ਅਤੇ ਵਿਚਾਰ ਬਹੁਤ ਉੱਚੇ ਹਨ ਅਤੇ ਉਹ ਮਿਹਨਤ ਵੀ ਬਹੁਤ ਕਰਦੇ ਹਨ ਪਰ ਕਲਾਮ ਨੂੰ ਇਹ ਸੂਝ, ਵਿਚਾਰ ਅਤੇ ਮਿਹਨਤ ਨਜ਼ਰ ਨਹੀਂ ਆਉਂਦੇ ਕਿਉਂਕਿ ਉਹ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਰਾਜ ਤੰਤ੍ਰ ਦੀ ਭਗਤੀ ਨਾਲ ਅੰਨ੍ਹਾਂ ਹੋਇਆ ਪਿਆ ਹੈ। ਉਸ ਦੀ ਅੱਖਾਂ ਤੇ ਸਰਮਾਏਰਦਾਰੀ ਦੀ ਭਗਤੀ ਦੀ ਚਰਬੀ ਚੜ੍ਹੀ ਹੋਈ ਹੈ। ਹਾਕਮ ਜਮਾਤਾਂ ਦੀਆਂ ਸਾਰੀਆਂ ਹੀ ਪਾਰਟੀਆਂ ਅਤੇ ਉਨ੍ਹਾਂ ਦੇ ਸਭ  ਨੁਮਾਂਦਿਆਂ ਦਾ ਇਹੋ ਹਾਲ ਹੈ। ਇਨ੍ਹਾਂ ਤੋਂ ਕਿਸੇ ਤਰਾਂ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ। ਲੋਕਾਂ ਦੇ ਭੈੜੇ ਹਾਲ ਅਤੇ ਉਚੇ ਵਿਚਾਰਾਂ ਤੋਂ ਉਹ ਮੁਨਕਰ ਹਨ।

ਹਿੰਦੁਸਤਾਨ ਦੇ ਸੰਵਿਧਾਨ ਦੀ 57ਵੀਂ ਵਰ੍ਹੇ-ਗੰਢ ਇਕ ਵਾਰ ਫਿਰ ਸਾਨੂੰ ਵੰਗਾਰਦੀ ਹੈ ਕਿ ਸਿਰਫ਼ ਲੋਕ ਹੀ ਸਿਆਸੀ ਤਾਕਤ ਆਪਣੇ ਹੱਥ ਵਿਚ ਲੈ ਕੇ ਆਪਣੇ ਆਪ ਹੀ ਹਾਕਮ ਬਣ ਕੇ ਆਪਣੇ ਮਸਲੇ ਹੱਲ ਕਰ ਸਕਦੇ ਹਨ। ਇਹ ਇਕ ਤਾਰੀਖ਼ੀ ਮਸਲਾ ਹੈ ਜੋ ਹੁਣ ਇਕ ਹੱਲ ਲੱਭਦਾ ਹੈ। ਪ੍ਰਜਾ ਰਾਜ ਅਤੇ ਨਵੀਂ ਉਸਾਰੀ ਬਗੈਰ ਲੋਕਾਂ ਦੀ ਖ਼ੁਸ਼ਹਾਲੀ ਅਤੇ ਰਖਵਾਲੀ ਨਹੀਂ ਹੋ ਸਕਦੀ।